# ਸਿਟੀ ਆਫ ਬ੍ਰੈਂਪਟਨ 22 ਮਈ ਤੱਕ, ਆਊਟਡੋਰ ਰੇਕ੍ਰੀਏਸ਼ਨਲ ਸਹੂਲਤਾਂ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖ੍ਹੋਲਣ ਦੀ ਤਿਆਰੀ ਕਰ ਰਹੀ ਹੈ

ਬ੍ਰੈਂਪਟਨ, ਉਨਟੈਰੀਓ (20 ਮਈ, 2021) – ਅੱਜ ਉਨਟੈਰੀਓ ਸਰਕਾਰ ਦੇ ਐਲਾਨ ਤੋਂ ਬਾਅਦ, ਸਿਟੀ ਆਫ ਬ੍ਰੈਂਪਟਨ 22 ਮਈ, 2021 ਤੱਕ, ਆਪਣੀਆਂ ਆਊਟਡੋਰ ਰੇਕ੍ਰੀਏਸ਼ਨਲ ਸਹੂਲਤਾਂ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖ੍ਹੋਲਣ ਦੀ ਤਿਆਰੀ ਕਰ ਰਹੀ ਹੈ।

**ਆਊਟਡੋਰ ਰੇਕ੍ਰੀਏਸ਼ਨਲ ਸਹੂਲਤਾਂ**

ਜਿਹਨਾਂ ਆਊਟਡੋਰ ਰੇਕ੍ਰੀਏਸ਼ਨਲ ਸਹੂਲਤਾਂ ਨੂੰ ਖ੍ਹੋਲਣ ਦੀ ਇਜਾਜ਼ਤ ਦਿੱਤੀ ਗਈ ਹੈ, ਉਹਨਾਂ ਵਿੱਚ ਸ਼ਾਮਲ ਹਨ, ਗੋਲਫ ਕੋਰਸ ਅਤੇ ਡ੍ਰਾਈਵਿੰਗ ਰੇਂਜਿਸ, ਸੌਕਰ ਅਤੇ ਹੋਰ ਸਪੋਰਟਸ ਫੀਲਡਸ, ਬੇਸਬਾਲ ਡਾਇਮੰਡਸ ਅਤੇ ਬੈਟਿੰਗ ਕੇਜਿਸ, ਟੈਨਿਸ ਅਤੇ ਬਾਸਕੇਟਬਾਲ ਕੋਰਟਸ, ਲਾਅਨ ਬੌਲਿੰਗ ਅਤੇ ਬੋਚੀ, ਅਤੇ ਬੀ.ਐਮ.ਐਕਸ. (BMX) ਅਤੇ ਸਕੇਟ ਪਾਰਕ।

ਜਿਹਨਾਂ ਦੀ ਇਜਾਜ਼ਤ ਨਹੀਂ ਹੈ

ਇਸ ਵੇਲੇ, ਫੀਲਡਸ ਜਾਂ ਕੋਰਟਸ ਤੇ ਆਊਟਡੋਰ ਫਿਟਨੈਸ ਕਲਾਸਾਂ ਅਤੇ ਟੀਮ ਸਪੋਰਟਸ (ਪ੍ਰੈਕਟਿਸ ਕਰਨ ਸਮੇਤ) ਦੀ ਇਜਾਜ਼ਤ ਨਹੀਂ ਹੈ। ਆਊਟਡੋਰ ਪੂਲਸ ਅਤੇ ਸਪਲੈਸ਼ ਪੈਡਸ ਬੰਦ ਰਹਿਣਗੇ।

ਹੋਰ ਜਾਣਕਾਰੀ ਅਤੇ ਬੁਕਿੰਗਸ ਲਈ, www.brampton.ca/recreation ਤੇ ਜਾਓ।

**ਸਮਾਜਿਕ ਇਕੱਠ**

ਸਮਾਜਿਕ ਇਕੱਠਾਂ ਅਤੇ ਸੰਗਠਿਤ ਜਨਤਕ ਕਾਰਜਕਰਮਾਂ ਲਈ ਆਊਟਡੋਰ ਸੀਮਾਵਾਂ ਨੂੰ ਵਧਾ ਕੇ ਪੰਜ ਲੋਕਾਂ ਤੱਕ ਕੀਤਾ ਜਾਵੇਗਾ, ਜਿਸ ਵਿੱਚ ਵੱਖ-ਵੱਖ ਘਰਾਂ ਦੇ ਮੈਂਬਰਾਂ ਸਮੇਤ, ਪੰਜ ਲੋਕਾਂ ਨੂੰ ਇਹਨਾਂ ਆਊਟਡੋਰ ਸਹੂਲਤਾਂ ਨੂੰ ਵਰਤਣ ਦੀ ਇਜਾਜ਼ਤ ਹੋਵੇਗੀ।

**ਪਬਲਿਕ ਹੈਲਥ ਸਬੰਧੀ ਉਪਾਵਾਂ ਬਾਰੇ ਤਾਜ਼ਾ ਜਾਣਕਾਰੀ**

ਸੂਬੇ ਵੱਲੋਂ ਹੁਣੇ ਜਿਹੇ ਹੀ ਐਲਾਨ ਕੀਤਾ ਰੋਡਮੈਪ ਟੂ ਰੀਓਪਨ (Roadmap to Reopen) ਇੱਕ ਤਿੰਨ-ਸਟੈਪ ਵਾਲਾ ਪਲਾਨ ਹੈ, ਜਿਸ ਵਿੱਚ ਸੂਬੇ ਨੂੰ ਸੁਰੱਖਿਅਤ ਰੂਪ ਨਾਲ ਅਤੇ ਸਾਵਧਾਨੀ ਨਾਲ ਦੁਬਾਰਾ ਖ੍ਹੋਲਣ ਦੀ ਅਤੇ ਪਬਲਿਕ ਹੈਲਥ ਸਬੰਧੀ ਉਪਾਵਾਂ ਨੂੰ ਹੌਲੀ-ਹੌਲੀ ਹਟਾਉਣ ਦੀ ਯੋਜਨਾ ਹੈ। ਇਹਨਾਂ ਉਪਾਵਾਂ ਵਿੱਚ ਢਿੱਲ, ਪਬਲਿਕ ਹੈਲਥ ਅਤੇ ਹੈਲਥ ਕੇਅਰ ਦੇ ਮੁੱਖ ਸੰਕੇਤਕਾਂ ਵਿੱਚ ਹਰ ਸੂਬੇ ਵਿੱਚ ਵੈਕਸੀਨੇਸ਼ਨ ਰੇਟ ਅਤੇ ਸੁਧਾਰਾਂ ਦੇ ਆਧਾਰ ਤੇ ਦਿੱਤੀ ਜਾਵੇਗੀ।

ਐਮਰਜੈਂਸੀ ਦਾ ਪ੍ਰੋਵਿੰਸੀਅਲ ਐਲਾਨ (Provincial declaration of emergency) ਅਤੇ ਸਟੇ-ਐਟ-ਹੋਮ ਆਰਡਰ, ਦੋਵੇਂ ਘੱਟੋ-ਘੱਟ 2 ਜੂਨ, 2021 ਤੱਕ ਲਾਗੂ ਰਹਿਣਗੇ। ਸਟੇ-ਐਟ-ਹੋਮ ਆਰਡਰ ਦੀ ਸ਼ਰਤ ਹੈ ਕਿ ਗ੍ਰੋਸਰੀ ਸਟੋਰ ਜਾਂ ਫਾਰਮੈਸੀ ਜਾਣ, ਹੈਲਥ ਕੇਅਰ ਸੇਵਾਵਾਂ ਤੱਕ ਪਹੁੰਚਣ, ਐਕਸਰਸਾਈਜ ਲਈ ਜਾਂ ਜ਼ਰੂਰੀ ਕੰਮ ਲਈ ਜਾਣ ਵਰਗੇ ਜ਼ਰੂਰੀ ਉਦੇਸ਼ਾਂ ਨੂੰ ਛੱਡ ਕੇ, ਬਾਕੀ ਸਮਾਂ ਹਰ ਕੋਈ ਘਰ ਵਿਖੇ ਹੀ ਰਹੇ।

ਸੂਬੇ ਦੀ ਨਿਊਜ਼ ਰਿਲੀਜ਼ ਇੱਥੇ (here) ਪੜ੍ਹੋ।

**ਸਿਟੀ ਦੀਆਂ ਸੇਵਾਵਾਂ ਅਤੇ ਫੈਸਿਲਿਟੀਜ਼**

ਸਿਟੀ ਹਾਲ ਅਤੇ ਕਾਰਪੋਰੇਟ ਫੈਸਿਲਿਟੀਜ਼

ਸਿਟੀ ਹਾਲ (City Hall) ਅਤੇ ਕਾਰਪੋਰੇਟ ਫੈਸਿਲਿਟੀਜ਼, ਸਿਰਫ਼ ਮੁਲਾਕਾਤ ਬੁੱਕ ਕਰਕੇ ਵਿਅਕਤੀਗਤ ਸੇਵਾਵਾਂ ਲਈ ਖੁੱਲ੍ਹੀਆਂ ਰਹਿਣਗੀਆਂ। ਬਿਨਾਂ ਮੁਲਾਕਾਤ ਬੁੱਕ ਕੀਤੇ ਆਉਣ ਦੀ ਇਜਾਜ਼ਤ ਨਹੀਂ ਹੈ। ਮੁਲਾਕਾਤ ਬੁੱਕ ਕਰਨ ਲਈ, www.brampton.ca/skiptheline ਤੇ ਜਾਓ।

ਸਿਟੀ ਦੇ ਰੇਕ੍ਰੀਏਸ਼ਨ ਸੈਂਟਰ

ਸਿਟੀ ਆਫ ਬ੍ਰੈਂਪਟਨ ਦੀਆਂ ਸਾਰੀਆਂ ਰੇਕ੍ਰੀਏਸ਼ਨ ਫੈਸਿਲਿਟੀਜ਼, ਜਨਤਾ ਵਾਸਤੇ ਬੰਦ ਰਹਿਣਗੀਆਂ ਅਤੇ ਇਨਡੋਰ ਪ੍ਰੋਗਰਾਮ, ਅਗਲੇ ਨੋਟਿਸ ਤੱਕ ਮੁਲਤਵੀ ਹੀ ਰਹਿਣਗੇ।

**ਵੈਕਸੀਨੇਸ਼ਨ**

12 ਸਾਲ ਤੋਂ ਵੱਧ ਉਮਰ ਦੇ ਸਾਰੇ ਵਿਅਕਤੀ ਹੁਣ ਚੋਣਵੇਂ ਕਲੀਨਿਕਾਂ ਵਿਖੇ ਕੋਵਿਡ-19 (COVID-19) ਵੈਕਸੀਨ ਲਈ ਮੁਲਾਕਾਤ ਬੁੱਕ ਕਰ ਸਕਦੇ ਹਨ, ਜੋ ਬ੍ਰੈਂਪਟਨ ਸਮੇਤ, ਪੀਲ ਵਿੱਚ ਰਹਿੰਦੇ, ਕੰਮ ਕਰਦੇ ਜਾਂ ਸਕੂਲ ਜਾਂਦੇ ਹਨ। 12 ਤੋਂ 15 ਸਾਲ ਦੇ ਬੱਚਿਆਂ ਲਈ ਮੁਲਾਕਾਤਾਂ, ਰੀਜਨ ਆਫ ਪੀਲ (Region of Peel) ਦੇ ਬੁਕਿੰਗ ਸਿਸਟਮ ਦੀ ਵਰਤੋਂ ਕਰਦੇ ਹੋਏ ਔਨਲਾਈਨ ਬੁੱਕ (booked online) ਕੀਤੀਆਂ ਜਾਣੀਆਂ ਲਾਜ਼ਮੀ ਹਨ। ਜੇਕਰ ਕਿਸੇ ਨੂੰ ਬੁਕਿੰਗ ਕਰਨ ਵਿੱਚ ਮਦਦ ਦੀ ਲੋੜ ਹੋਵੇ, ਤਾਂ ਉਹ ਹਫ਼ਤੇ ਵਿੱਚ 7 ਦਿਨ, ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ, ਰੀਜਨ ਆਫ ਪੀਲ ਦੀ ਕੋਵਿਡ-19 ਵੈਕਸੀਨੇਸ਼ਨ ਲਾਈਨ 905.791.5202 ਤੇ ਫੋਨ ਕਰ ਸਕਦੇ ਹਨ।

ਕੋਵਿਡ-19 ਵੈਕਸੀਨੇਸ਼ਨ ਬਾਰੇ ਬਿਲਕੁੱਲ ਤਾਜ਼ਾ ਜਾਣਕਾਰੀ ਲਈ, ਸੂਬੇ ਦੇ ਵੈਕਸੀਨ ਪੋਰਟਲ (vaccine portal) ਤੇ ਜਾਓ।

**ਲਿੰਕ**

- ਸਿਟੀ ਆਫ ਬ੍ਰੈਂਪਟਨ ਦੀ ਕੋਵਿਡ-19 ਸਬੰਧੀ ਪ੍ਰੋਗਰਾਮਿੰਗ ਅਤੇ ਸੇਵਾ ਅੱਪਡੇਟਸ (City of Brampton COVID-19 programming and service updates)
- ਸਿਟੀ ਆਫ ਬ੍ਰੈਂਪਟਨ – ਕੀ ਖੁੱਲ੍ਹਾ ਹੈ, ਕੀ ਬੰਦ ਹੈ (City of Brampton – what's open, what's closed)
- ਕੋਵਿਡ-19 ਦੇ ਲੱਛਣ (COVID-19 symptoms)
- ਕੋਵਿਡ-19 ਵੈਕਸੀਨ (COVID-19 vaccine)
- ਬ੍ਰੈਂਪਟਨ ਵਿੱਚ ਟੈਸਟਿੰਗ (Testing in Brampton)
- ਖ਼ੁਦ ਨੂੰ ਦੂਜਿਆਂ ਤੋਂ ਵੱਖਰਾ ਕਿਵੇਂ ਰੱਖਣਾ ਹੈ (How to self-isolate)
- ਕੋਵਿਡ-19 ਦੇ ਦੌਰਾਨ ਕਾਰੋਬਾਰਾਂ ਅਤੇ ਕਾਰਜ ਸਥਾਨਾਂ ਨੂੰ ਸੁਰੱਖਿਅਤ ਰੱਖਣਾ (Keeping businesses and workplaces safe during COVID-19)
- ਪੀਲ ਵਿੱਚ ਕੋਵਿਡ-19 ਦੇ ਕੇਸ (Cases of COVID-19 in Peel)

# Service and Information Update

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca